**ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ, 1955- ਛੂਤ ਛਾਤ ਦੂਰ ਕਰਨ ਅਤੇ ਅੱਤਿਆਚਾਰ ਰੋਕਥਾਮ ਐਕਟ 1989 ਤਹਿਤ ਅੱਤਿਆਚਾਰਾਂ ਤੋਂ ਪੀੜਤਾਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਕੀਮ (ਕੇਂਦਰੀ ਪ੍ਰਯੋਜਿਤ ਸਕੀਮ 50:50) ।**

ਪੰਜਾਬ ਰਾਜ ਵਿੱਚ ਛੂਤ-ਛਾਤ ਨੂੰ ਜੜੋਂ ਖਤਮ ਕਰਨ ਲਈ ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ 1955 ਤਹਿਤ **" ਛੂਤ ਛਾਤ ਦੂਰ ਕਰਨ ਦੀ ਸਕੀਮ "** ਸਾਲ 1986-87 ਤੋਂ ਲਾਗੂ ਕੀਤੀ ਗਈ ਹੈ। ਇਸ ਸਕੀਮ ਤਹਿਤ ਅੰਤਰ-ਜਾਤੀ ਵਿਆਹ ਕਰਾਉਣ ਵਾਲੇ ਜੋੜੇ (ਜਿਸ ਵਿੱਚ ਇੱਕ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ) ਨੂੰ ਉਤਸ਼ਾਹਿਤ ਕਰਨ ਲਈ 50,000/-ਰੁਪਏ, ਚੰਗੀਆਂ ਪੰਚਾਇਤਾਂ, ਜਿਹੜੀਆਂ ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਕੰਮ ਕਰ ਰਹੀਆਂ ਹਨ, ਨੂੰ 25000/-ਰੁਪਏ ਪ੍ਰਤੀ ਪੰਚਾਇਤ ਵਿੱਤੀ ਸਹਾਇਤਾ ਵਜੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਬਲਾਕ ਪੱਧਰ ਤੇ ਸੈਮੀਨਾਰ, ਡਿਬੇਟਸ ਅਤੇ ਮਾਸਲੰਚ ਆਯੋਜਿਤ ਕਰਵਾਏ ਜਾਂਦੇ ਹਨ। ਸੈਮੀਨਾਰ ਦੌਰਾਨ ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ 1955 ਦੇ ਉਪਬੰਧਾਂ ਬਾਰੇ ਲੋਕਾਂ ਨੂੰ ਜਾਣੂ ਵੀ ਕਰਵਾਇਆ ਜਾਂਦਾ ਹੈ। ਇਹ ਕੇਂਦਰੀ ਪ੍ਰਾਯੋਜਿਤ ਸਕੀਮ ਹੈ ਅਤੇ ਕੇਂਦਰ ਅਤੇ ਰਾਜ ਸਰਕਾਰ ਵਲੋਂ 50:50 ਆਧਾਰ ਤੇ ਖਰਚ ਕੀਤਾ ਜਾਂਦਾ ਹੈ।

ਰਾਜ ਸਰਕਾਰ ਵਲੋਂ ਸਾਲ 2008-09 ਤੋਂ ਅੰਤਰ-ਜਾਤੀ ਵਿਆਹੇ ਜੋੜਿਆਂ ਨੂੰ ਦਿੱਤੀ ਜਾਣ ਵਾਲੀ 25,000/-ਰੁ: ਦੀ ਰਾਸ਼ੀ ਵਧਾ ਕੇ 50,000/-ਰੁਪਏ ਕਰ ਦਿੱਤੀ ਗਈ ਹੈ।

ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਤੇ ਹੋ ਰਹੇ ਅੱਤਿਆਚਾਰਾਂ ਨੂੰ ਰੋਕਣ ਲਈ ਰਾਜ ਸਰਕਾਰ ਵੱਲੋਂ ਰਾਜ ਵਿੱਚ,ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ( ਅੱਤਿਆਚਾਰ ਰੋਕਥਾਮ) ਐਕਟ 1989 ਲਾਗੂ ਕੀਤਾ ਗਿਆ ਹੈ। ਇਸ ਐਕਟ ਦਾ ਮੁੱਖ ਮੰਤਵ ਅਨੁਸੂਚਿਤ ਜਾਤੀਆ ਤੇ ਹੋ ਰਹੇ ਅੱਤਿਆਚਾਰਾਂ ਨੂੰ ਰੋਕਣਾ ਹੈ। ਇਸ ਐਕਟ ਦੀਆਂ ਵੱਖ ਵੱਖ ਧਾਰਾਵਾਂ ਅਧੀਨ ਅਨੁਸੂਚਿਤ ਜਾਤੀਆਂ ਤੇ ਅੱਤਿਆਚਾਰ ਕਰਨ ਵਾਲੇ ਵਿਅਕਤੀਆਂ ਨੂੰ ਸਜਾ ਅਤੇ ਜੁਰਮਾਨਾ ਕਰਨ ਦਾ ਉਪਬੰਧ ਹੈ, ਜਿਵੇਂ ਕਿ ਕਿਸੇ ਅਨੁਸੂਚਿਤ ਜਾਤੀ ਦੇ ਮੈਂਬਰ ਨੂੰ ਨਾ ਖਾਣ ਯੋਗ ਜਾਂ ਘਿਰਣਾ ਯੋਗ ਪਦਾਰਥ ਖਾਣ ਜਾਂ ਅਜਿਹਾ ਕੰਮ ਕਰਨ ਲਈ ਮਜਬੂਰ ਕਰਨਾ ਹੈ, ਬਲ ਪੂਰਵਕ ਉਸ ਦੇ ਘਰ, ਜਮੀਨ ਤੋਂ ਬੇਦਖਲ ਕਰਦਾ ਹੈ, ਵੋਟ ਪਾਉਣ ਤੋਂ ਰੋਕਦਾ ਹੈ, ਝੂਠੀ ਗਵਾਹੀ ਪਾਉਣ ਜਾਂ ਕਿਸੇ ਨੂੰ ਜਾਨੀ ਨੁਕਸਾਨ ਆਦਿ ਪੰਹੁਚਾਂਉਦਾ ਹੈ ਤਾਂ ਅਜਿਹੇ ਵਿਅਕਤੀਆਂ ਨੂੰ ਇਸ ਐਕਟ ਦੇ ਤਹਿਤ ਸਜਾ ਸਮੇਤ ਜੁਰਮਾਨਾ ਕਰਨ ਦੀ ਵਿਵਸਥਾ ਹੈ ।

ਇਸ ਐਕਟ ਦੇ ਉਪਬੰਧਾਂ ਅਨੁਸਾਰ ਰਾਜ ਵਿੱਚ ਹਾਈ ਪਾਵਰਡ ਰਾਜ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਅਨੁਸੂਚਿਤ ਜਾਤੀਆਂ ਤੇ ਹੋ ਰਹੇ ਅੱਤਿਆਚਾਰਾਂ ਦੀ ਸਮੀਖਿਆ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਦੇਣ ਯੋਗ ਰਲੀਫ ਅਤੇ ਮੁੜ ਵਸੇਬੇ ਸਬੰਧੀ ਸਹੂਲਤਾਂ ਦਾ ਜਾਇਜਾ ਲਿਆ ਜਾ ਸਕੇ।।

ਇਸ ਐਕਟ ਤਹਿਤ ਜਿਲਾ ਪੱਧਰ ਤੇ ਜਿਲਾ ਪੱਧਰੀ ਵਿਜੀਲੈਂਸ ਤੇ ਮੋਨੀਟਰਿੰਗ ਕਮੇਟੀ ਦਾ ਗਠਨ ਕਰਨ ਲਈ ਸਮੂਹ ਜਿਲਾ ਮੈਜਿਸਟ੍ਰੇਟ ਪੰਜਾਬ ਰਾਜ ਨੂੰ ਲਿਖਿਆ ਗਿਆ ਹੈ ।

ਮਨਿਸਟਰੀ ਆਫ ਸ਼ੋਸ਼ਲ ਜਸਟਿਸ ਐਂਡ ਇੰਪਾਵਰਮੈਂਟ , ਭਾਰਤ ਸਰਕਾਰ ਨਵੀਂ ਦਿੱਲੀ ਵੱਲੋਂ ਪੀ.ਓ.ਏ.ਐਕਟ 1989 ਤਹਿਤ ਬਣੇ ਪੀ.ਓ.ਏ. ਰੂਲਜ਼ 1995 ਅਨੁਸਾਰ ਅੱਤਿਆਚਾਰਾਂ ਤੋਂ ਪੀੜਤਾਂ ਨੂੰ ਵਿੱਤੀ ਮੁਆਵਜੇ ਤੋਂ ਇਲਾਵਾ ਹੋਰ ਸਹੂਲਤਾਂ ਵੀ ਦੇਣ ਦਾ ਉਪਬੰਧ ਕੀਤਾ ਗਿਆ ਹੈ।

ਭਲਾਈ ਮੰਤਰਾਲਿਆ ਭਾਰਤ ਸਰਕਾਰ ਨਵੀਂ ਦਿੱਲੀ ਵੱਲੋਂ ਪੀ.ਓ.ਏ.ਐਕਟ 1989 ਤਹਿਤ ਪੀ.ਓ.ਏ.ਰੂਲਜ਼ 1995 ਦੀ ਅਧਿਸੂਚਨਾ ਸੋਧ 2011 ( amendment) ਜਾਰੀ ਕੀਤੀ ਗਈ ਹੈ, ਜਿਸ ਦੀ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ ਸਾਲ 2013 ਦੌਰਾਨ ਸਹਿਮਤੀ ਲੈਣ ਉਪਰੰਤ ਅਨੁਸੂਚਿਤ ਜਾਤੀਆਂ ਦੇ ਪੀੜਤਾਂ ਨੂੰ ਸੋਧੇ ਰੇਟਾਂ ਅਨੁਸਾਰ ਮੁਆਵਜੇ ਦੀ ਅਦਾਇਗੀ ਕਰਨ ਲਈ ਭਲਾਈ ਵਿਭਾਗ ਪੰਜਾਬ ਵੱਲੋਂ ਸਮੂਹ ਜਿਲਾ ਮੈਜਿਸਟ੍ਰੇਟ, ਪੰਜਾਬ ਰਾਜ ਨੂੰ ਮੀਮੋ ਨੰ: ਸ-23/1065-86, ਮਿਤੀ 7-11-2013 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ।

ਸਾਲ 2005-06 ਤੋਂ 2010-11 ਤੱਕ ਕੁੱਲ 196.00 ਲੱਖ ਰੁਪਏ ਦੀ ਰਾਸ਼ੀ ਅਨੁਸੂਚਿਤ ਜਾਤੀਆਂ ਦੇ ਪੀੜਤਾਂ ਨੂੰ ਅਦਾਇਗੀ ਕਰਨ ਲਈ ਸਮੂਹ ਜਿਲਾ ਮੈਜਿਸਟ੍ਰੇਟ, ਪੰਜਾਬ ਰਾਜ ਨੂੰ ਰਲੀਜ ਕੀਤੀ ਹੋਈ ਹੈ , ਜਿਸ ਵਿਚੋਂ 99.42 ਲੱਖ ਰੁਪਏ ਦੀ ਰਾਸ਼ੀ 463 ਪੀੜਤਾਂ ਨੂੰ ਅਦਾ ਕੀਤੀ ਜਾ ਚੁੱਕੀ ਹੈ।

ਇਸ ਸਕੀਮ ਤਹਿਤ ਸਾਲ 2014-15 ਦੌਰਾਨ ਵਿੱਤ ਵਿਭਾਗ ਵੱਲੋਂ ਪਹਿਲੇ ਚਾਰ ਮਹੀਨਿਆਂ ਲਈ ਕੁੱਲ 210.00 ਲੱਖ ਰੁਪਏ (105.00 ਲੱਖ ਰੁਪਏ ਰਾਜ ਸਰਕਾਰ + 105.00 ਲੱਖ ਰੁਪਏ ਕੇਂਦਰ ਸਰਕਾਰ ਦੇ ਹਿੱਸੇ ਵਜੋਂ)ਦੀ ਰਾਸ਼ੀ ਦਾ ਉਪਬੰਧ ਕੀਤਾ ਗਿਆ ਹੈ ।